# Visit of Minister of State for External Affairs Shri V. Muraleedharan to the People’s Democratic Republic of Algeria (September 15-17, 2021)

September 14, 2021

........................................................................................................................

## ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਦਾ ਅਲਜੀਰੀਆ ਲੋਕ ਗਣਰਾਜ ਦਾ ਦੌਰਾ (15- 17 ਸਤੰਬਰ, 2021)

14 ਸਤੰਬਰ, 2021

1. ਵਿਦੇਸ਼ ਮਾਮਲੇ ਅਤੇ ਸੰਸਦੀ ਮਾਮਲੇ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ 15 - 17 ਸਤੰਬਰ ਤੱਕ ਅਲਜੀਰੀਆ ਲੋਕ ਗਣਰਾਜ ਦਾ ਅਧਿਕਾਰਤ ਦੌਰਾ ਕਰਨਗੇ। ਇਹ ਉਨ੍ਹਾਂ ਵੱਲੋਂ ਅਲਜੀਰੀਆ ਦਾ ਪਹਿਲਾ ਦੌਰਾ ਹੋਵੇਗਾ।

2. ਇਸ ਦੌਰੇ ਦੌਰਾਨ ਰਾਜ ਮੰਤਰੀ ਅਲਜੀਰੀਆ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਾਨ ਐਮੀਨੇ ਬੇਨਾਬਦ ਰਹਮਾਨੇ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਰਮਤੇਨ ਲਾਮਾਮਰਾ ਅਤੇ ਹੋਰ ਪਤਵੰਤਿਆਂ ਨਾਲ ਆਪਸੀ ਦਿਲਚਸਪੀ ਦੇ ਦੁਵੱਲੇ, ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਗੱਲਬਾਤ ਕਰਣਗੇ। ਇਸ ਦੌਰੇ ਦੌਰਾਨ ਉਹ ਅਲਜੀਰੀਆ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਲੋਕਾਂ ਨਾਲ ਵੀ ਗੱਲਬਾਤ ਕਰਨਗੇ।

3. ਭਾਰਤ ਅਤੇ ਅਲਜੀਰੀਆ ਦੇ ਇੱਕ -ਦੂਜੇ ਨਾਲ ਚੰਗੇ ਸਬੰਧ ਹਨ, ਜੋ ਬਸਤੀਵਾਦ ਵਿਰੁੱਧ ਉਨ੍ਹਾਂ ਦੇ ਸਾਂਝੇ ਇਤਿਹਾਸਕ ਸੰਘਰਸ਼ ਦੀ ਨੀਂਹ 'ਤੇ ਆਧਾਰਿਤ ਹਨ। ਅਲਜੀਰੀਆ ਨੂੰ ਆਜ਼ਾਦੀ ਮਿਲਣ ਦੇ ਵਰ੍ਹੇ ਹੀ ਜੁਲਾਈ, 1962 ਵਿੱਚ ਦੋਵੇਂ ਦੇਸ਼ਾਂ ਦਰਮਿਆਨ ਕੂਟਨੀਤਕ ਸਬੰਧ ਸਥਾਪਤ ਹੋਏ ਸਨ। 2020-21 ਵਿੱਚ ਭਾਰਤ ਅਤੇ ਅਲਜੀਰੀਆ ਦਰਮਿਆਨ ਦੁਵੱਲਾ ਵਪਾਰ 1.39 ਅਰਬ ਅਮਰੀਕੀ ਡਾਲਰ ਦਾ ਸੀ। ਅਲਜੀਰੀਆ ਵਿੱਚ ਬਹੁਤ ਸਾਰੀਆਂ ਭਾਰਤੀ ਕੰਪਨੀਆਂ ਵੱਖ -ਵੱਖ ਖੇਤਰਾਂ ਵਿੱਚ ਕਾਰਜਸ਼ੀਲ ਹਨ. ਇਸ ਦੌਰੇ ਨਾਲ ਦੁਵੱਲੇ ਸਬੰਧਾਂ ਨੂੰ ਨਵਾਂ ਹੁਲਾਰਾ ਮਿਲਣ ਦੀ ਉਮੀਦ ਹੈ।

ਨਵੀਂ ਦਿੱਲੀ
14 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.